# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੱ), ਸਮੂਹ ਸਕੂਲ ਮੁਖੀ
ਪੰਜਾਬ।

ਮੀਮੋ ਨੰਬਰ: :- SCERT-SDP01/55/2023-SDP-SCERT /484212/02
ਮਿਤੀ: ਐਸ ਏ ਐਸ ਨਗਰ, 12-05-2023

**ਵਿਸ਼ਾ :- Conduct of All India Quiz for school children on Financial Literacy ਦੇ ਸੰਬੰਧੀ।**

**ਹਵਾਲਾ** :-ਇਸ ਦਫਤਰ ਦੇ ਪੱਤਰ ਨੰ:SCERT-SDP01/55/2023-SDP-SCERT /484212/01 ਮਿਤੀ 03-05-2023 ਦੀ ਲਗਾਤਾਰਤਾ ਵਿੱਚ ।

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ RBI ਵੱਲੋਂ Financial Literacy ਵਿਸ਼ੇ ਤੇ ਪੰਜਾਬ ਰਾਜ ਵਿੱਚ ਅੱਠਵੀਂ,ਨੌਵੀਂ ਅਤੇ ਦਸਵੀਂ ਜਮਾਤ ਅਕਾਦਮਿਕ ਸਾਲ(2023-24) ਦੇ ਵਿਦਿਆਰਥੀਆਂ ਲਈ 18 ਮਈ,2023 ਸਵੇਰੇ 10ਵਜੇ ਤਹਿਸੀਲ ਪੱਧਰੀ ਕੁਇਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

2.0 ਇਸ ਵਿੱਚ ਰਾਜ ਦੇ ਹਰੇਕ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਦੇ ਮੁਖੀਆਂ ਵੱਲੋਂ ਆਪਣੇ ਸਕੂਲ ਵਿੱਚੋਂ ਦੋ ਵਿਦਿਆਰਥੀਆਂ ਦੀ ਇੱਕ ਟੀਮ ਚੁਣੀ ਜਾਵੇ।

3.0 ਹਰੇਕ ਸਕੂਲ ਵਿੱਚੋਂ ਭਾਗ ਲੈਣ ਵਾਲੀ ਟੀਮ ਨਾਲ ਇੱਕ ਅਧਿਆਪਕ ਵੀ ਨਾਮਜ਼ਦ ਕੀਤਾ ਜਾਵੇ ਜਿਸ ਨੂੰ ਸਕੂਲ ਮੁਖੀ ਵੱਲੋਂ ਦਿੱਤੇ ਫਾਰਮੈਟ ਅਨੁਸਾਰ Authority Letter ਦਿੱਤਾ ਜਾਵੇ ।ਅਧਿਆਪਕ ਅਤੇ ਵਿਦਿਆਰਥੀਆਂ ਨੂੰ ਕੁਇਜ਼ ਦੇ ਸਥਾਨ 'ਤੇ ਆਉਣ ਜਾਣ ਲਈ ਭੱਤੇ ਵਜੋਂ 500 ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।

4.0 ਤਹਿਸੀਲ ਪੱਧਰੀ ਕੁਇਜ਼ ਮੁਕਾਬਲੇ ਦਾ ਆਯੋਜਨ ਕਰਵਾਉਣ ਲਈ ਕੇਂਦਰਾਂ ਦੀ ਲਿਸਟ ਨਾਲ ਨੱਥੀ ਕੀਤੀ ਗਈ ਹੈ।

5.0 ਲਿਸਟ ਵਿੱਚ ਦਰਸਾਏ ਸਕੂਲਾਂ ਦੇ ਮੁਖੀਆਂ ਵੱਲੋਂ ਮਿਤੀ 18-05-2023 ਨੂੰ ਆਪਣੇ ਸਕੂਲ ਦੇ ਦੋ ਅਧਿਆਪਕਾਂ ਦੀ ਡਿਊਟੀ ਕੁਇਜ਼ ਦੇ ਆਯੋਜਨ ਅਤੇ ਹੋਰ ਕੰਮਾਂ ਲਈ ਲਗਾਈ ਜਾਵੇ।ਇਹਨਾਂ ਸਕੂਲਾਂ ਨੂੰ 5,000 ਰੁਪਏ (ਹਰੇਕ ਸਕੂਲ) ਦੀ ਰਾਸ਼ੀ ਕੁਇਜ਼ ਦੇ ਸਫਲਤਾ ਪੂਰਵਕ ਆਯੋਜਨ ਲਈ ਦਿੱਤੀ ਜਾਵੇਗੀ।

6.0 ਕੁਇਜ਼ ਦਾ ਆਯੋਜਨ ਕਰਨ ਵਾਲੇ ਸਕੂਲਾਂ ਵਿਚ RBI ਵੱਲੋਂ ਵੀ ਇੱਕ ਅਧਿਕਾਰੀ ਤਾਇਨਾਤ ਕੀਤਾ ਜਾਵੇਗਾ ਜੋ ਤਹਿਸੀਲ ਪੱਧਰ ਤੇ ਹੋਣ ਵਾਲੇ ਕੁਇਜ਼ ਦੇ ਸੰਚਾਲਨ ਲਈ ਹੋਣ ਵਾਲੀਆਂ ਗਤੀਵਿਧੀਆਂ ਸੰਬੰਧੀ ਸਕੂਲ ਦੇ ਪ੍ਰਿੰਸੀਪਲ/ਅਧਿਆਪਕ ਨਾਲ ਤਾਲਮੇਲ ਕਰੇਗਾ ।

7.0 Financial Literacy ਤੇ ਕੁਇਜ਼ ਮੁਕਾਬਲੇ ਸੰਬੰਧੀ ਸਿਲੇਬਸ ਅਤੇ ਨਮੂਨਾ ਪ੍ਰਸ਼ਨ ਪੱਤਰਾਂ ਦੀ ਕਾਪੀ ਨਾਲ ਨੱਥੀ ਹੈ।

8.0 ਆਪ ਵੱਲੋਂ ਆਪਣੇ ਅਧੀਨ ਆਉਂਦੇ ਸਾਰੇ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੂਲ ਮੁੱਖੀਆਂ ਨੂੰ Financial Literacy ਵਿਸ਼ੇ ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਵਿਚ ਦੋ ਵਿਦਿਆਰਥੀਆਂ ਦੀ ਇੱਕ ਟੀਮ ਨੂੰ ਭਾਗ ਲੈਣ ਲਈ ਪ੍ਰੇਰਿਤ ਕਰਨ, ਮੁਕਾਬਲੇ ਦੀ ਤਿਆਰੀ ਲਈ ਦਿੱਤੇ ਸਿਲੇਬਸ ਤੋਂ ਜਾਣੂ ਕਰਵਾਉਣ ਅਤੇ ਕੁਇਜ਼ ਦਾ ਆਯੋਜਨ ਕਰਵਾਉਣ ਵਾਲੇ ਸਕੂਲਾਂ ਨੂੰ ਆਯੋਜਨ ਕਰਨ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/03-05 ਮਿਤੀ:- ਐਸ.ਏ.ਐਸ. ਨਗਰ, 13-05-2023

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡਾਇਰੈਕਟਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ(ਸੈਕੰਡਰੀ),ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

Scanned with OKEN Scanner